Surrey Schools
LEADERSHIP IN LEARNING

Tel: 604.596.7733
www.surreyschools.ca

# ਕਮਿਊਨੀਕੇਟਿੰਗ ਸਟੂਡੈਂਟ ਲਰਨਿੰਗ (ਸੀ ਐੱਸ ਐੱਲ)

(Communicating Student Learning)

ਬ੍ਰਿਟਿਸ਼ ਕੋਲੰਬੀਆ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਸਿੱਖਣ ਦੇ ਢੰਗ ਵਿੱਚ ਤਬਦੀਲੀ ਲਿਆ ਰਿਹਾ ਹੈ। ਇਹ ਤਬਦੀਲੀ ਸਾਡੇ ਵਿਦਿਆਰਥੀਆਂ ਨੂੰ ਅੱਜ ਦੀ ਤੇਜ਼ ਰਫਤਾਰ, ਆਧੁਨਿਕ ਦੁਨੀਆ ਲਈ ਚੰਗੀ ਤਰ੍ਹਾਂ ਤਿਆਰ ਹੋਣ ਵਿੱਚ ਮਦਦ ਕਰੇਗੀ। ਪੜ੍ਹਨ, ਲਿਖਣ ਅਤੇ ਹਿਸਾਬ-ਕਿਤਾਬ (ਨਿਊਮੀਰੇਸੀ) ਵਿੱਚ ਮਜ਼ਬੂਤ ਨੀਹਾਂ ਉਸਾਰਨ 'ਤੇ ਧਿਆਨ ਦੇਣਾ ਜਾਰੀ ਰਹੇਗਾ, ਅਤੇ ਇਸ ਦੇ ਨਾਲ ਨਾਲ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸੋਚ, ਸਿਰਜਣਾਤਮਕ ਸੋਚ, ਦੂਸਰਿਆਂ ਨਾਲ ਮਿਲ ਕੇ ਕੰਮ ਕਰਨਾ, ਸੰਚਾਰ (ਕਮਿਊਨੀਕੇਸ਼ਨ), ਅਤੇ ਨਿੱਜੀ ਅਤੇ ਸਮਾਜਕ ਜਾਚਾਂ ਵਿਕਸਤ ਕਰਨ 'ਤੇ ਵੀ ਧਿਆਨ ਦਿੱਤਾ ਜਾਵੇਗਾ।

ਵਿਦਿਆਰਥੀਆਂ ਦੀ ਸਿੱਖਣ ਅਤੇ ਤਰੱਕੀ ਕਰਨ ਵਿੱਚ ਮਦਦ ਕਰਨ ਲਈ ਸਾਡਾ ਸਕੂਲ ਡਿਸਟ੍ਰਿਕਟ ਵਿਦਿਆਰਥੀਆਂ ਦੇ ਮੁੱਲਾਂਕਣ ਕਰਨ ਦੇ ਢੰਗ ਵਿੱਚ ਤਬਦੀਲੀ ਕਰ ਰਿਹਾ ਹੈ। ਇਸ ਵਿੱਚ ਸਾਡੇ ਵਲੋਂ ਮਾਪਿਆਂ ਨਾਲ ਨਤੀਜੇ ਸਾਂਝੇ ਕਰਨ ਦਾ ਢੰਗ ਵੀ ਸ਼ਾਮਲ ਹੈ ਤਾਂ ਕਿ ਉਹ ਆਪਣੇ ਬੱਚੇ ਦਾ ਬਿਹਤਰ ਢੰਗ ਨਾਲ ਸਮਰਥਨ ਕਰ ਸਕਣ। ਇਸ ਅਮਲ ਨੂੰ **ਕਮਿਊਨੀਕੇਟਿੰਗ ਸਟੂਡੈਂਟ ਲਰਨਿੰਗ (ਸੀ ਐੱਸ ਐੱਲ)** ਕਿਹਾ ਜਾਂਦਾ ਹੈ।

ਸੀ ਐੱਸ ਐੱਲ ਦਾ ਉਦੇਸ਼ ਵਿਦਿਆਰਥੀਆਂ, ਮਾਪਿਆਂ ਅਤੇ ਟੀਚਰਾਂ ਵਿਚਕਾਰ ਵਿਦਿਆਰਥੀ ਦੀ ਪੜ੍ਹਾਈ ਬਾਰੇ ਲਗਾਤਰ ਵਿਚਾਰ ਵਟਾਂਦਰਾ ਕਰਦੇ ਰਹਿਣਾ ਹੈ। ਇਹ ਰਿਪੋਰਟ ਕਾਰਡ ਤੱਕ ਸੀਮਤ ਨਹੀਂ ਹੈ। ਅਧਿਆਪਕ ਮਾਪਿਆਂ ਨਾਲ ਗੱਲ-ਬਾਤ ਕਰਨ ਲਈ ਕਈ ਤਰ੍ਹਾਂ ਦੇ ਢੰਗ ਅਤੇ ਸਾਧਨ ਵਰਤ ਰਹੇ ਹਨ। ਇਸ ਵਿੱਚ ਗੱਲਬਾਤ ਕਰਨਾ, ਕਾਗਜ਼ੀ ਰਿਪੋਰਟਾਂ, ਅਤੇ/ਜਾਂ ਫਰੈੱਸ਼ਗਰੇਡ, ਮਾਈਬਲੂਪ੍ਰਿੰਟ ਅਤੇ/ਜਾਂ ਆਫਿਸ 365 ਵਰਗੇ ਡਿਜੀਟਲ ਪਲੇਟਫਾਰਮ ਸ਼ਾਮਲ ਹੋ ਸਕਦੇ ਹਨ।

ਤੁਹਾਨੂੰ ਮਿਲਣ ਵਾਲੀ ਜਾਣਕਾਰੀ ਇਨ੍ਹਾਂ ਚੀਜ਼ਾਂ ਬਾਰੇ ਦੱਸੇਗੀ:

- ਤੁਹਾਡੇ ਬੱਚੇ ਦੇ ਪੜ੍ਹਾਈ ਬਾਰੇ ਉਦੇਸ਼
- ਸਿੱਖਣ ਦੇ ਸਬੂਤ ਜਿਹੜੇ ਟੀਚਰ ਅਤੇ/ਜਾਂ ਬੱਚੇ ਨੇ ਇਕੱਤਰ ਕੀਤੇ ਹਨ,
- ਤੁਹਾਡਾ ਬੱਚਾ ਕਿਹੜੀ ਚੀਜ਼ ਬਹੁਤ ਵਧੀਆ ਕਰ ਰਿਹਾ ਹੈ,
- ਤੁਹਾਡੇ ਬੱਚੇ ਦੇ ਅਗਲੇ ਕਦਮ ਕੀ ਹੋਣਗੇ, ਅਤੇ
- ਉਹ ਕਿਹੜੇ ਢੰਗ ਹਨ, ਜਿਨ੍ਹਾਂ ਰਹੀਂ ਤੁਸੀਂ ਆਪਣੇ ਬੱਚੇ ਦੇ ਸਿੱਖਣ ਦੇ ਕਾਰਜ ਵਿੱਚ ਮਦਦ ਕਰ ਸਕਦੇ ਹੋ।

ਜਦੋਂ ਵਿਦਿਆਰਥੀ ਆਪਣੇ ਸਿੱਖਣ ਦੇ ਕਾਰਜ ਵਿੱਚ ਖੁਦ ਸ਼ਾਮਲ ਹੁੰਦੇ ਹਨ, ਉਦੋਂ ਉਹ ਸਿੱਖਣ ਬਾਰੇ ਜ਼ਿਆਦਾ ਉਤਸ਼ਾਹਿਤ ਹੁੰਦੇ ਹਨ ਅਤੇ ਜ਼ਿਆਦਾ ਕਾਰਗਰ ਢੰਗ ਨਾਲ ਸਿੱਖਦੇ ਹਨ। ਜਦੋਂ ਵਿਦਿਆਰਥੀ ਆਪਣੀ ਪੜ੍ਹਾਈ ਦੀ ਜ਼ਿੰਮੇਵਾਰੀ ਖੁਦ ਲੈਂਦੇ ਹਨ ਤਾਂ ਉਹ ਉਮਰ ਭਰ ਲਈ ਸਿੱਖਣ ਵਾਲੇ ਬਣ ਜਾਂਦੇ ਹਨ।

ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਬਾਰੇ ਗੱਲਬਾਤ ਕਰਨਾ ਅਤੇ ਆਪਣੀ ਪੜ੍ਹਾਈ ਦਾ ਸਵੈ-ਮੁੱਲਾਂਕਣ ਕਰਨਾ ਸਿਖਾਇਆ ਜਾ ਰਿਹਾ ਹੈ। ਇਸ ਤਰ੍ਹਾਂ ਕਰਕੇ ਵਿਦਿਆਰਥੀ ਆਪਣੀ ਪੜ੍ਹਾਈ ਬਾਰੇ ਮਹੱਤਵਪੂਰਨ ਸਵਾਲਾਂ ਦੇ ਜਵਾਬ ਦੇ ਸਕਦੇ ਹਨ। ਇਨ੍ਹਾਂ ਵਿੱਚ ਇਸ ਤਰ੍ਹਾਂ ਦੇ ਸਵਾਲ ਸ਼ਾਮਲ ਹਨ:

- ਮੈਂ ਕੀ ਸਿੱਖ ਰਿਹਾ/ਰਹੀ ਹਾਂ?
- ਇਹ ਕਿਉਂ ਜ਼ਰੂਰੀ ਹੈ?
- ਕਾਮਯਾਬੀ ਦੀ ਕਸਵੱਟੀ ਕੀ ਹੈ?
- ਮੈਂ ਕੀ ਬਿਹਤਰ ਕਰ ਰਿਹਾ/ਰਹੀ ਹਾਂ, ਅਤੇ ਮੈਂ ਇਹ ਕਿਵੇਂ ਜਾਣਦਾ/ਜਾਣਦੀ ਹਾਂ?
- ਤਰੱਕੀ ਲਈ ਮੇਰੇ ਅਗਲੇ ਕਦਮ ਕੀ ਹੋਣਗੇ?

ਅਸੀਂ ਮਾਪਿਆਂ ਨੂੰ ਬੱਚੇ ਦੀ ਪੜ੍ਹਾਈ ਬਾਰੇ ਕਲਾਸਰੂਮ ਟੀਚਰ ਅਤੇ ਬੱਚੇ ਨਾਲ ਗੱਲਬਾਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਇਹ ਗੱਲਬਾਤ ਨਿੱਜੀ ਗੱਲਬਾਤ ਰਾਹੀਂ, ਈਮੇਲ ਰਾਹੀਂ ਜਾਂ ਬੱਚੇ ਦੇ ਡਿਜੀਟਲ ਪੋਰਟਫੋਲੀਓ ਰਾਹੀਂ ਹੋ ਸਕਦੀ ਹੈ।

ਜੇ ਤੁਹਾਡੇ ਮਨ ਵਿੱਚ ਹੋਰ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਟੀਚਰ ਜਾਂ ਸਕੂਲ ਦੇ ਪ੍ਰਬੰਧਕ ਨਾਲ ਬੇਝਿਜਕ ਸੰਪਰਕ ਕਰੋ।